**ਤੁਹਾਡਾ ਰਿਸ਼ਤੇਦਾਰ ਤੁਹਾਨੂੰ ਪਾਸ ਹੋਣ 'ਤੇ ਕੋਈ ਸੁਗਾਤ ਦੇਣੀ ਚਾਹੁੰਦਾ ਹੈ ਆਪਣੀ ਰੁਚੀ ਅਨੁਸਾਰ ਸੁਝਾਅ ਦਿਓ।**

ਪ੍ਰੀਖਿਆ ਭਵਨ,
ਸਰਕਾਰੀ ਹਾਈ ਸਕੂਲ,
ਪਿੰਡ..............।
ਮਿਤੀ: **15** ਮਈ, **2020.**

ਪਿਆਰੇ ਚਾਚਾ ਜੀ,

ਸਤਿ ਸ੍ਰੀ ਅਕਾਲ।

ਕੱਲ੍ਹ ਹੀ ਆਪ ਜੀ ਦੀ ਚਿੱਠੀ ਮਿਲੀ ਜਿਸ ਨੂੰ ਪੜ੍ਹ ਕੇ ਪਤਾ ਲੱਗਾ ਕਿ ਆਪ ਜੀ ਮੈਨੂੰ ਨੌਵੀਂ ਜਮਾਤ ਦੀ ਪ੍ਰੀਖਿਆ ਵਿੱਚੋਂ ਅੱਵਲ ਰਹਿ ਕੇ ਪਾਸ ਹੋਣ ਤੇ ਕੋਈ ਤੋਹਫ਼ਾ ਦੇਣਾ ਚਾਹੁੰਦੇ ਹੋ। ਇਸ ਲਈ ਆਪ ਮੇਰੀ ਸਲਾਹ ਜਾਨਣਾ ਚਾਹੁੰਦੇ ਹੋ ਕਿ ਮੈਨੂੰ ਕੀ ਚਾਹੀਦਾ ਹੈ। ਚਾਚਾ ਜੀ, ਮੈਂ ਜਾਣਦਾ ਹਾਂ ਕਿ ਮੈਂ ਚਾਹੇ ਜੋ ਵੀ ਮੰਗਾਂ ਤੁਸੀਂ ਮੇਰੀ ਹਰ ਇੱਛਾ ਪੂਰੀ ਕਰ ਸਕਦੇ ਹੋ। ਪਰ ਮੈਂ ਆਪ ਜੀ ਦਾ ਬਹੁਤਾ ਖਰਚਾ ਨਹੀਂ ਕਰਾਵਾਂਗਾ। ਵੈਸੇ ਤਾਂ ਆਪ ਜੀ ਬਹੁਤ ਚੰਗੀ ਤਰਾਂ ਜਾਣਦੇ ਹੋ ਕਿ ਮੈਨੂੰ ਪੁਸਤਕਾਂ ਪੜ੍ਹਨ ਦਾ ਕਿੰਨਾ ਸ਼ੌਕ ਹੈ।
ਇਸ ਲਈ ਤੁਸੀਂ ਮੈਨੂੰ ਆਪਣੇ ਪਿਆਰ ਤੇ ਖੁਸ਼ੀ ਦੇ ਚਿੰਨ੍ਹ ਵਜੋਂ ਹੇਠ ਲਿਖੀਆਂ ਕੁਝ ਪੁਸਤਕਾਂ ਭੇਜ ਦੇਵੋ।

ਮੇਰਾ ਪਿੰਡ - ਗਿਆਨੀ ਗੁਰਦਿੱਤ ਸਿੰਘ

ਮੇਰਾ ਦਾਗਿਸਤਾਨ (ਭਾਗ **1,2**) - ਰਸੂਲ ਹਮਜ਼ਾਤੋਵ

ਮੇਰੀ ਦੁਨੀਆਂ - ਨਾਨਕ ਸਿੰਘ

ਕੁੰਜੀਆਂ - ਨਰਿੰਦਰ ਸਿੰਘ ਕਪੂਰ

ਇਹ ਪੁਸਤਕਾਂ ਪੜ੍ਹਨ ਨੂੰ ਮੇਰਾ ਬਹੁਤ ਮਨ ਕਰਦਾ ਹੈ। ਅਗਰ ਇਸ ਤੋਂ ਬਿਨਾਂ ਤੁਹਾਡੇ ਧਿਆਨ ਵਿੱਚ ਕੋਈ ਹੋਰ ਚੰਗੀ ਪੁਸਤਕ ਹੈ, ਤਾਂ ਉਹ ਵੀ ਭੇਜ ਸਕਦੇ ਹੋ। ਤੁਹਾਡੇ ਵੱਲੋਂ ਇਨ੍ਹਾਂ ਨੂੰ ਪ੍ਰਾਪਤ ਕਰਕੇ ਮੈਨੂੰ ਅਤਿਅੰਤ ਖੁਸ਼ੀ ਹੋਵੇਗੀ। ਇਹ ਤੋਹਫ਼ਾ ਮੇਰੇ ਲਈ ਸਦੀਵੀ ਤੇ ਅਭੁੱਲ ਹੋਵੇਗਾ। ਮੇਰੇ ਵੱਲੋਂ ਚਾਚੀ ਜੀ ਨੂੰ ਸਤਿ ਸ੍ਰੀ ਅਕਾਲ ਅਤੇ ਤਨਵੀਰ ਨੂੰ ਪਿਆਰ।

ਆਪ ਦਾ ਭਤੀਜਾ,

ਨਾਮ .............।

ਵੱਲ :- ਟਿਕਟ

ਨਾਮ..................,

ਪਿੰਡ..................,

ਜ਼ਿਲ੍ਹਾ...................

ਪਿੰਨ ਕੋਡ...............।

ਤਿਆਰ ਕਰਤਾ: ਧਰਮਿੰਦਰ ਸਿੰਘ

ਪੰਜਾਬੀ ਮਾਸਟਰ,ਸਹਸ ਛੱਜਾਵਾਲ

ਮੋ: 9463003539